ਵਿਚਾਰ-ਚਰਚਾ

# ਅੰਗਰੇਜ਼ੀ ਬਨਾਮ ਪੰਜਾਬੀ ਅਸਲ ਮੁੱਦਾ ਨਹੀਂ

ਗੁਰਸ਼ਰਨ ਸਿੰਘ

ਪੜ੍ਹਾਈ ਦਾ ਵੱਡਾ ਮੁੱਦਾ ਹੈ ਕਿ ਇਹ ਸਾਰਿਆਂ ਲਈ ਬਰਾਬਰ ਦੀ ਹੋਵੇ। ਇਸ ਵੇਲੇ ਇਹ ਹਾਲਤ ਹੈ ਕਿ ਰੱਜੇ-ਪੁੱਜੇ ਲੋਕਾਂ ਦੇ ਬੱਚੇ ਇਕ ਪੜ੍ਹਾਈ ਪੜ੍ਹਦੇ ਹਨ, ਸਾਧਾਰਨ ਲੋਕਾਂ ਦੇ ਬੱਚੇ ਦੂਜੀ ਪੜ੍ਹਾਈ ਪੜ੍ਹਦੇ ਹਨ ਅਤੇ ਗਰੀਬ ਵਰਗ ਦੇ ਬੱਚੇ ਬਿਲਕੁਲ ਹੀ ਹੋਰ ਪੜ੍ਹਾਈ ਪੜ੍ਹਦੇ ਹਨ। ਇਹ ਫ਼ਰਕ ਵਾਲੀ ਪੜ੍ਹਾਈ ਹੀ ਸਮਾਜ ਦਾ ਵੱਡਾ ਮੁੱਦਾ ਬਣਦਾ ਹੈ।

ਬੁਰਜੂਆ, ਸਿਆਸਤਦਾਨ ਸਾਡੇ ਦਰਮਿਆਨ ਕੋਈ ਨਾ ਕੋਈ ਐਸਾ ਮੁੱਦਾ ਸੁੱਟੀ ਰੱਖਦੇ ਹਨ ਕਿ ਅਸੀਂ ਸਮਾਜਿਕ ਨਿਆਂ ਵਾਲਾ ਸਮਾਜ ਵੇਖਣ ਵਾਲੇ ਲੋਕ, ਜਿਹਨਾਂ ਵਿਚ ਕਮਿਊਨਿਸਟ ਵਿਚਾਰਧਾਰਾ ਦੇ ਲੋਕ ਇਕ ਅਹਿਮ ਧਿਰ ਹਨ, ਵਾਦ-ਵਿਵਾਦ ਵਿਚ ਉਲਝੇ ਰਹੀਏ ਅਤੇ ਆਪਨੀ ਜਥੇਬੰਦਕ ਸ਼ਕਤੀ ਜ਼ਾਇਆ ਕਰਦੇ ਰਹੀਏ। ਹੁਣ ਇਹ ਤਾਂ ਸਾਫ਼ ਹੈ ਕਿ ਪੜ੍ਹਾਈ ਦਾ ਜੋ ਪ੍ਰਬੰਧ ਇਸ ਦੇਸ਼ ਵਿਚ ਚੱਲ ਰਿਹਾ ਹੈ, ਉਹ ਬੜਾ ਹੀ ਨਾਕਸ ਪ੍ਰਬੰਧ ਹੈ। ਮੁੱਦਾ ਇਹ ਹੈ ਕਿ ਇਹ ਪ੍ਰਬੰਧ ਠੀਕ ਕੀਤਾ ਜਾਵੇ ਅਤੇ ਇਸਤੋਂ ਅਗੇ ਇਹ ਮੁੱਦਾ ਹੈ ਕਿ ਇਹ ਪ੍ਰਬੰਧ ਇਹੋ ਜਿਹਾ ਹੋਵੇ ਕਿ ਇਹ ਪੜ੍ਹਾਈ ਸਾਰਿਆਂ ਲਈ ਬਰਾਬਰ ਦੀ ਹੋਵੇ।

ਵਿਦਿਆ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਲਈ ਵਿਧਾਨ ਦੀ ਲੋੜ ਅਨੁਸਾਰ ਇਸ ਉੱਤੇ ਹਰ ਇਕ ਸ਼ਹਿਰੀ ਦਾ ਬਰਾਬਰ ਦਾ ਹੱਕ ਹੈ। ਇਸ ਬਾਰੇ ਬਿਲਕੁਲ ਹੀ ਕੋਈ ਕਿੰਤੂ ਨਹੀਂ ਹੈ। ਪਰ ਜੋ ਸਿਸਟਮ ਕਾਇਮ ਹੈ, ਉਹ ਬਿਲਕੁਲ ਹੀ ਇਸਦੇ ਉਲਟ ਹੈ। ਚੰਡੀਗੜ੍ਹ ਵਿਚ ਚੱਲ ਰਹੇ ਸਕੂਲਾਂ ਦੀ ਮਿਸਾਲ ਲੈ ਲਈਏ। ਸੈਕਟਰ 35 ਦੇ ਸੀਨੀਅਰ ਮਾਡਲ ਸਕੂਲ ਜੋ ਵਿਚ ਸਹੂਲਤਾਂ ਹਨ, ਉਹ ਉਥੋਂ 200 ਮੀਟਰ 'ਤੇ ਚਲਦੇ ਸਾਧਾਰਨ ਸਰਕਾਰੀ ਹਾਈ ਸਕੂਲ ਵਿਚ ਨਹੀਂ ਹਨ ਅਤੇ ਜੋ ਸਾਧਾਰਨ ਸਰਕਾਰੀ ਹਾਈ ਸਕੂਲ ਵਿਚ ਹਨ ਉਹ ਪਿੰਡ ਡੱਡੂਮਾਜਰਾ ਜਾਂ ਯੂਨੀਅਨ ਟੈਰੀਟਰੀ ਦੇ 22 ਪਿੰਡਾਂ ਦੇ ਸਕੂਲਾਂ ਵਿਚ ਨਹੀਂ ਹਨ। ਇਹਨਾਂ ਸਕੂਲਾਂ ਦੀ ਹਾਲਤ ਦੱਸਦੀ ਹੈ ਕਿ ਹਿੰਦੋਸਤਾਨ ਦਾ ਸਾਰਾ ਨਿਜ਼ਾਮ ਕਿਸ ਤਰ੍ਹਾਂ ਗ਼ਰੀਬ ਦੁਸ਼ਮਣ ਹੈ। ਇਹ ਤਿੰਨੇ ਸਰਕਾਰੀ ਸਕੂਲ ਹਨ।

ਸਰਕਾਰ ਦੇ ਪੈਸੇ ਨਾਲ ਚਲਦੇ ਹਨ। ਇਹ ਪੈਸਾ ਖੇਤਾਂ ਵਿਚੋਂ ਆਉਂਦਾ ਹੈ, ਫੈਕਟਰੀਆਂ ਵਿਚੋਂ ਆਉਂਦਾ ਹੈ, ਵਿਉਪਾਰ ਵਿਚੋਂ ਆਉਂਦਾ ਹੈ, ਅੰਤਰਰਾਸ਼ਟਰੀ ਮੱਦਦ ਏਜੰਸੀਆਂ ਵਲੋਂ ਆਉਂਦਾ ਹੈ। ਇਸ ਲਈ ਇਹਦੇ ਉੱਤੇ ਸਾਰਿਆਂ ਦਾ ਬਰਾਬਰ ਦਾ ਹੱਕ ਹੈ। 35 ਸੈਕਟਰ ਦੇ ਸੀਨੀਅਰ ਮਾਡਲ ਸਕੂਲ ਦਾ ਨਤੀਜਾ 100 ਫੀਸਦੀ ਹੈ। ਸਾਧਾਰਨ ਸਕੂਲ ਦਾ ਨਤੀਜਾ 62 ਫੀਸਦੀ ਹੈ ਅਤੇ ਡੱਡੂਮਾਜਰਾ ਦੇ ਸਕੂਲ ਦਾ ਨਤੀਜਾ 27 ਫੀਸਦੀ ਹੈ। 35 ਸੈਕਟਰ ਦੇ ਫਸਟ ਡਵੀਜ਼ਨਾਂ ਅਤੇ ਮੈਰਿਟਾਂ ਵਾਲੇ ਨਤੀਜੇ ਹਨ, ਜਦੋਂ ਕਿ ਡੱਡੂਮਾਜਰਾ ਦੇ ਥਰਡ ਡਿਵੀਜ਼ਨਾਂ ਵਾਲੇ ਨਤੀਜੇ ਹਨ। ਕੀ ਗਰੀਬਾਂ ਦੇ ਬੱਚਿਆਂ ਵਿਚ ਅਕਲ ਨਹੀਂ? ਰੱਜੇ-ਪੁੱਜੇ ਵਰਗ ਦੇ ਲੋਕ ਇਸਦਾ 'ਨਹੀਂ' ਵਿਚ ਜਵਾਬ ਦੇਣਗੇ ਪਰ ਅੱਜ ਦੀ ਵਿਗਿਆਨਕ ਸੋਚ ਵਾਲੇ ਇਸਦਾ ਜਵਾਬ 'ਹਾਂ' ਵਿਚ ਦੇਣਗੇ। ਬੱਚੇ ਬਰਾਬਰ ਸਮਝ ਦੇ ਹਨ, ਉਹਨਾਂ ਨੂੰ ਅੱਗੇ ਵਧਣ ਦੀਆਂ ਜਦੋਂ ਸਹੂਲਤਾਂ ਬਰਾਬਰ ਦੀਆਂ ਨਹੀਂ ਮਿਲਦੀਆਂ ਤਾਂ ਫਰਕ ਪੈ ਜਾਂਦਾ ਹੈ।

ਫੇਰ ਕੀਤਾ ਕੀ ਜਾਏ? ਇਹ ਸਵਾਲ ਮੁੱਖ ਤੌਰ 'ਤੇ ਅਗਾਂਹਵਧੂ ਸੋਚ ਵਾਲੇ ਸਭਨਾਂ ਲੋਕਾਂ ਲਈ ਹੀ ਹੈ, ਦੂਜਿਆਂ ਲਈ ਨਹੀਂ, ਕਿਉਂਕਿ ਦੂਜੇ ਜਿਸ ਤਰ੍ਹਾਂ ਪ੍ਰਬੰਧ ਚਲ ਰਿਹਾ ਹੈ, ਉਸੇ ਤਰ੍ਹਾਂ ਹੀ ਚਲਦਾ ਵੇਖਣਾ ਚਾਹੁੰਦੇ ਹਨ ਜਾਂ ਉਹਦੇ ਵਿਚ ਉਤਲਾ-ਉਤਲਾ ਸੁਧਾਰ ਹੀ ਹੋਣਾ ਵੇਖਣਾ ਚਾਹੁਣਗੇ। ਕੋਈ ਬੁਨਿਆਦੀ ਤਬਦੀਲੀ ਉਹਨਾਂ ਦਾ ਫਿਕਰ ਨਹੀਂ। ਬਰਾਬਰੀ ਦਾ ਸਮਾਜ ਬਣਾਉਣਾ ਕਮਿਊਨਿਸਟ ਸੋਚ ਵਾਲਿਆਂ ਦਾ ਹੀ ਫਿਕਰ ਹੈ।

ਉਹਨਾਂ ਨੇ ਹੀ ਲੋਕਾਂ ਨੂੰ ਚੇਤਨ ਕਰਨਾ ਹੈ ਅਤੇ ਜਥੇਬੰਦ ਕਰਕੇ ਹੱਕਾਂ ਲਈ ਲੜਨਾ ਦੱਸਣਾ ਹੈ। ਚੰਡੀਗੜ੍ਹ ਦੀ ਮਿਸਾਲ ਲੈ ਕੇ ਇਸ ਤਰ੍ਹਾਂ ਹੋ ਸਕਦਾ ਹੈ ਕਿ ਚੰਡੀਗੜ੍ਹ ਯੂਨੀਅਨ ਟੈਰੀਟਰੀ ਦੇ ਜਿਹੜੇ 22 ਪਿੰਡ ਹਨ, ਉਹਨਾਂ ਦੇ ਪੰਚਾਂ, ਸਰਪੰਚਾਂ ਨੂੰ ਬੱਸ ਵਿਚ ਬਿਠਾਕੇ 35 ਸੈਕਟਰ, 16 ਸੈਕਟਰ, 8 ਸੈਕਟਰ ਦੇ ਸੀਨੀਅਰ ਮਾਡਲ ਸਕੂਲਾਂ ਵਿਚ ਲਿਆਂਦਾ ਜਾਏ ਤਾਂ ਜੋ ਉਹ ਇਹਨਾਂ ਸਕੂਲਾਂ ਦੀਆਂ ਬਿਲਡਿੰਗਾਂ ਵੀ ਵੇਖਣ ਅਤੇ ਹੋਰ ਪੜ੍ਹਾਈ ਦਾ ਬੰਦੋਬਸਤ ਵੀ ਵੇਖਣ। ਇਹ ਕੋਈ ਵਲੈਤ ਦੇ ਸਕੂਲ ਨਹੀਂ, ਆਪਨੀ ਹੀ ਸਰਕਾਰ ਦੇ ਆਪਣੇ ਹੀ ਸਕੂਲ ਹਨ ਅਤੇ ਫੇਰ ਉਹਨਾਂ ਤੇ ਸਵਾਲ ਕੀਤਾ ਜਾਏ "ਕੀ ਤੁਹਾਡੇ ਬੱਚਿਆਂ ਨੇ ਰੱਬ ਦੇ ਮਾਂਹ ਮਾਰੇ ਹੋਏ ਨੇ ਕਿ ਉਹਨਾਂ ਲਈ ਇਹੋ ਜਿਹੇ ਸਕੂਲ ਨਹੀਂ ਬਣਾਏ ਜਾ ਸਕਦੇ?" ਇਹ ਮੁੱਦੇ ਹੀ ਉਹਨਾਂ ਨੂੰ ਮੋਰਚੇ ਲਗਾਉਣ ਲਈ ਪ੍ਰੇਰਨਗੇ, ਜਿਹਨਾਂ ਵਿਚ ਵੱਡੀ ਗਿਣਤੀ ਬੱਚਿਆਂ ਦੀਆਂ ਮਾਵਾਂ ਦੀ ਹੋਵੇਗੀ। ਆਰਥਿਕ ਮਸਲਿਆਂ ਦੇ ਨਾਲ-ਨਾਲ ਇਹ ਸਮਾਜਿਕ ਮਸਲੇ ਲੈਣੇ ਬਣੇ ਜ਼ਰੂਰੀ ਹਨ।

ਖੱਬੀ ਧਿਰ ਦਾ ਇਹ ਫ਼ਰਜ਼ ਹੈ ਕਿ ਉਹ ਲੋਕਾਂ ਨੂੰ ਆਪਣੇ ਉਠਾਏ ਹੋਏ ਮੁੱਦਿਆਂ ਤੇ ਲਾਮਬੰਦ ਕਰਨ। ਉਹ ਆਪਨੀ ਸ਼ਕਤੀ ਬੁਰਜੂਆ ਸਿਆਸਤਦਾਨਾਂ ਵਲੋਂ ਸੁੱਟੇ ਹੋਏ ਮੁੱਦਿਆਂ ਤੇ ਜ਼ਾਇਆ ਨਾ ਕਰਨ। ਅੰਗਰੇਜ਼ੀ ਪਹਿਲੀ ਤੋਂ ਸ਼ੁਰੂ ਕੀਤੀ ਜਾਏ ਜਾਂ ਨਾ ਸ਼ੁਰੂ ਕੀਤੀ ਜਾਏ? ਇਹ ਮਾਹਿਰਾਂ ਦੇ ਸੋਚਣ ਦੀ ਗੱਲ ਹੈ। ਮਾਂ ਬੋਲੀ ਵਿਚ ਪੜ੍ਹਾਈ ਹੋਣ ਦੇ ਹੱਕ ਵਿਚ ਹੁਣ ਦੁਨੀਆ ਭਰ ਦੇ ਮਾਹਿਰਾਂ ਦੀ ਤਕਰੀਬਨ ਇਕੋ ਰਾਏ ਹੈ। ਇਹਦੇ ਲਈ ਫੈਸਲਾ ਮਾਹਿਰਾਂ ਨੇ ਕਰਨਾ ਹੈ, ਪਰ ਸਾਧਾਰਨ ਲੋਕਾਂ ਦੀ ਮੰਗ ਇਕੋ ਬਣਦੀ ਹੈ ਕਿ ਜੋ ਵੀ ਵਿਦਿਆ ਦਿੱਤੀ ਜਾਏ, ਉਹ ਸਾਰਿਆਂ ਨੂੰ ਇਕੋ ਜਿਹੀ ਦਿੱਤੀ ਜਾਏ।